aglasem.com

FOR PUNJAB CLASS 1 PREPARATION

PSEB 1st Class Syllabus 2027 Mathematics

EXAM	YEAR	TYPE	SUBJECT
Punjab Class 1	2027	Syllabus	Maths

2026-27

ਵਿਸ਼ਾ- ਗਣਿਤ

ਸ਼੍ਰੇਣੀ - ਪਹਿਲੀ

ਪਾਠਕ੍ਰਮ

ਸਿੱਖਣ -ਪਰਿਣਾਮ

ਬੁਨਿਆਦੀ ਪੱਧਰ
CG- 8 ਬੱਚੇ ਮਾਤਰਾਵਾਂ , ਆਕਾਰਾਂ ਅਤੇ ਮਾਪ ਦੇ ਰਾਹੀਂ ਸੰਸਾਰ ਨੂੰ ਪਛਾਣਨ ਲਈ ਗਣਿਤਿਕ ਸਮਝ ਅਤੇ ਯੋਗਤਾ ਦਾ ਵਿਕਾਸ ਕਰਦੇ ਹਨ ।
C- 8.1 - ਵਸਤੂਆਂ ਨੂੰ ਇੱਕ ਤੋਂ ਵੱਧ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਸਮੂਹ ਅਤੇ ਉਪ-ਸਮੂਹ ਵਿੱਚ ਛਾਂਟਣਾ
1. ਵਸਤੂਆਂ ਨੂੰ ਉਨਾਂ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਛਾਂਟਦਾ ਹੈ, ਜਿਨ੍ਹਾਂ ਨੂੰ ਉਹ ਪਛਾਣਦੇ ਹਨ ਅਤੇ ਛਾਂਟਣ ਦੇ ਨਿਯਮ ਨੂੰ ਵਿਸਥਾਰ ਸਹਿਤ ਦੱਸਦੇ ਹਨ। ਇਕੋ ਜਗਾ ਤੇ ਰਹਿਣ ਵਾਲੇ ਜਾਨਵਰ ਜਿਵੇਂ ਕੁੱਤਾ, ਬਿੱਲੀ, ਚੂਹਾ ਅਤੇ ਇਹਨਾਂ ਵਿਚੋਂ ਘਾਹ ਖਾਣ ਵਾਲੇ ਅਤੇ ਮਾਸ ਖਾਣ ਵਾਲੇ ਜਾਨਵਰਾਂ ਨੂੰ ਅਲੱਗ-ਅਲੱਗ ਛਾਂਟਣਾ।
C- 8.2 - ਆਪਣੇ ਆਲੇ-ਦੁਆਲੇ ਵਿੱਚੋਂ ਆਕਾਰਾਂ ਅਤੇ ਸੰਖਿਆਵਾਂ ਦੇ ਸਧਾਰਨ ਪੈਟਰਨ ਨੂੰ ਪਛਾਣਨਾ ਅਤੇ ਅੱਗੇ ਵਧਾਉਣਾ ।
2. ਬਲਾਕਾਂ ਦੀ ਮਦਦ ਨਾਲ ਵੱਖ-ਵੱਖ ਤਰਾਂ ਦੇ ਦੁਹਰਾਏ ਜਾਣ ਵਾਲੇ ਸੌਖੇ ਪੈਟਰਨ ਨੂੰ ਗਾਇਬ ਤੱਤਾਂ ਨੂੰ ਪੂਰਾ ਕਰਨਾ, ਜਿਵੇਂ :-ਨੀਲਾ, ਲਾਲ, ਨੀਲਾ, ਲਾਲ, ਨੀਲਾ, ...।
C- 8.3 - ਸਿੱਧੀ ਅਤੇ ਪੁੱਠੀ ਗਿਣਤੀ ਅਤੇ 10-10 , 20-20 ਦੇ ਸਮੂਹਾਂ ਵਿੱਚ 99 ਤੱਕ ਗਿਣਨਾ ।
3. 20 ਤੋਂ ਵੱਧ ਵਸਤੂਆਂ ਨੂੰ 99 ਤੱਕ ਸੰਖਿਆਵਾਂ ਦੇ ਨਾਂ ਬੋਲਦੇ ਹੋਏ ਗਿਣਤੀ ਕਰਨਾ ਅਤੇ 99 ਤੱਕ ਸੰਖਿਆਵਾਂ ਦੇ 10-10 ਦੇ ਸਮੂਹਾਂ ਵਿੱਚ ਪੈਟਰਨ ਲੱਭਣਾ।
4. ਕਿਸੇ ਖਾਸ ਸੰਖਿਆ (0 ਤੋਂ 99 ਵਿਚਕਾਰ) ਤੋਂ ਸਿੱਧੀ ਅਤੇ ਪੁੱਠੀ ਗਿਣਤੀ ਕਰਨਾ।
5. 2-ਸਮੂਹਾਂ ਵਿੱਚ ਮਾਤਰਾ ਨੂੰ ਪਛਾਣਨਾ (ਜਿਵੇਂ 10 ਦੇ 2 ਸਮੂਹ ਮਿਲ ਕੇ 20 ਬਣ ਜਾਂਦਾ ਹੈ।)
C- 8.4 - 99 ਤੱਕ ਦੀਆਂ ਸੰਖਿਆਵਾਂ ਨੂੰ ਵੱਧਦੇ ਅਤੇ ਘੱਟਦੇ ਕ੍ਰਮ ਵਿੱਚ ਲਗਾਉਣਾ ।
6. ਵਸਤੂਆਂ ਨੂੰ ਵੱਖ-ਵੱਖ ਵਿਸ਼ੇਸ਼ਤਾਵਾਂ (ਜਿਵੇਂ ਆਕਾਰ / ਲੰਬਾਈ / ਭਾਰ / ਰੰਗ) ਦੇ ਆਧਾਰ 'ਤੇ ਵਸਤੂਆਂ ਦੇ ਇੱਕ ਸਮੂਹ ਨੂੰ ਵੱਖ-ਵੱਖ ਕ੍ਰਮ ਵਿੱਚ ਲਗਾਉਣਾ।
C- 8.5 - ਦਸ਼ਮਲਵ ਸਥਾਨਕ ਮੁੱਲ ਪ੍ਰਣਾਲੀ ਦੀ ਸਮਝ ਦੇ ਨਾਲ਼ 99 ਤੱਕ ਦੀ ਮਾਤਰਾ ਨੂੰ ਦਰਸਾਉਣ ਲਈ ਸੰਖਿਆਵਾਂ ਨੂੰ ਪਛਾਣਨਾ ਅਤੇ ਉਹਨਾਂ ਦੀ ਵਰਤੋਂ ਕਰਨਾ ।
7. ਵਸਤੂਆਂ / ਚੀਜਾਂ ਦੀ ਅਣਹੋਂਦ ਨੂੰ ਦਰਸਾਉਣ ਲਈ ਸਿਫ਼ਰ (0) ਦੇ ਚਿੰਨ੍ਹ ਨੂੰ ਪਛਾਣਨਾ।
8. 20 ਤੱਕ ਦੀਆਂ ਸੰਖਿਆਵਾਂ ਨੂੰ ਪਛਾਣਨਾ ਅਤੇ ਲਿਖਣਾ। ਇਸ ਤੋਂ ਇਲਾਵਾ 10 ਤੱਕ ਦੀਆਂ ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖਣਾ।
9. 20 ਤੱਕ ਦੀਆਂ 2 ਸੰਖਿਆਵਾਂ ਦੇ ਵਿਚਕਾਰ ਤੁਲਨਾ ਕਰਨਾ ਅਤੇ ਇਸ ਤੋਂ ਵੱਡਾ ਜਾਂ ਇਸ ਤੋਂ ਛੋਟਾ ਵਰਗੀ ਸ਼ਬਦਾਵਲੀ ਦੀ ਵਰਤੋਂ ਕਰਨਾ।
C- 8.6 : ਜੋੜ ਅਤੇ ਤੋੜ ਦੀਆਂ ਲਚਕਦਾਰ ਰਣਨੀਤੀਆਂ ਦੀ ਵਰਤੋਂ ਕਰਕੇ ਅਸਾਨੀ ਨਾਲ 2-ਅੰਕੀ ਸੰਖਿਆਵਾਂ ਦਾ ਜੋੜ ਅਤੇ ਘਟਾਓ ਕਰਨਾ।
10. ਰੋਜਾਨਾ ਜੀਵਨ ਦੀਆਂ ਸਥਿਤੀਆਂ ਅਤੇ ਠੋਸ ਵਸਤੂਆਂ ਦੀ ਵਰਤੋਂ ਨਾਲ ਜੋੜ ਦੇ ਤੱਥਾਂ ਦੀ ਵਰਤੋਂ ਕਰਦੇ ਹੋਏ 18 ਤੱਕ ਦੇ ਜੋੜ ਦਾ ਮਾਡਲ ਬਣਾਉਣਾ ਅਤੇ ਹੱਲ ਕਰਨਾ।
11. ਰੋਜਾਨਾ ਜੀਵਨ ਦੀਆਂ ਸਥਿਤੀਆਂ ਅਤੇ ਠੋਸ ਵਸਤੂਆਂ ਦੀ ਵਰਤੋਂ ਨਾਲ ਘਟਾਓ ਦੇ ਤੱਥਾਂ ਦੀ ਵਰਤੋਂ ਕਰਦੇ ਹੋਏ 9 ਤੱਕ ਦੀ ਘਟਾਓ ਦਾ ਮਾਡਲ ਬਣਾਉਣਾ ਅਤੇ ਹੱਲ ਕਰਨਾ। (ਉਦਾਹਰਨ ਲਈ ਚਾਕਲੇਟਾਂ ਦੇ ਸਮੂਹ ਵਿਚੋਂ ਚਾਕਲੇਟ ਛਾਂਟਣਾ)
12. ਸੰਖਿਆਵਾਂ ਦੇ ਜੋੜ ਅਤੇ ਘਟਾਓ ਵਿਚਕਾਰ ਸੰਬੰਧ ਸਥਾਪਿਤ ਕਰਨਾ।
13. ਜੋੜ ਅਤੇ ਘਟਾਓ ਦੀਆਂ ਕਿਰਿਆਵਾਂ ਦੇ +/- ਚਿੰਨ੍ਹਾਂ ਨੂੰ ਪਛਾਣਨਾ।
C- 8.7 ਗੁਣਾ ਨੂੰ ਵਾਰ-ਵਾਰ ਜੋੜ ਅਤੇ ਭਾਗ ਨੂੰ ਬਰਾਬਰ ਵੰਡਣ ਦੇ ਰੂਪ ਵਿੱਚ ਪਛਾਣਨਾ ।
14. ਸਮੂਹਾਂ ਦੁਆਰਾ ਛੋਟੀਆਂ ਸੰਖਿਆਵਾਂ ਦੇ ਗੁਣਾ ਦੇ ਸਵਾਲਾਂ ਨੂੰ ਹੱਲ ਕਰਨਾ।

15. ਗੁਣਾ (×) ਦੇ ਚਿੰਨ੍ਹ ਨੂੰ ਪਛਾਣਨਾ।
16. ਭਾਗ ਦੇ ਸਵਾਲਾਂ ਨੂੰ ਹੱਲ ਕਰਨ ਲਈ trial and error ਅਤੇ ਸਮੂਹਾਂ ਵਿੱਚ ਵੰਡਣ ਦਾ ਤਰੀਕਾ ਵਰਤਣਾ।
17. ਭਾਗ (÷) ਦੇ ਚਿੰਨ੍ਹ ਨੂੰ ਪਛਾਣਨਾ।
C- 8.8 ਬੁਨਿਆਦੀ ਜਿਓਮੈਟ੍ਰਿਕ ਆਕਾਰਾਂ ਅਤੇ ਉਹਨਾਂ ਦੀਆਂ ਨਿਰੀਖਣ ਕਰਨ ਯੋਗ ਵਿਸ਼ੇਸ਼ਤਾਵਾਂ ਨੂੰ ਪਛਾਣਨਾ , ਬਣਾਉਣਾ ਅਤੇ ਉਹਨਾਂ ਦਾ ਵਰਗੀਕਰਨ ਕਰਨਾ , ਕਿਸੇ ਸਥਾਨ ਵਿੱਚ ਵਸਤੂਆਂ ਦੇ ਸਾਪੇਖਿਕ ਸੰਬੰਧ ਨੂੰ ਸਮਝਣਾ ਅਤੇ ਵਿਆਖਿਆ ।
18. ਕਿਸੇ ਵਸਤੂ ਦੇ ਸਥਾਨ ਅਤੇ ਖੇਤਰ ਨਾਲ ਸੰਬੰਧਿਤ ਸ਼ਬਦਾਵਲੀ ਦਾ ਵਿਕਾਸ ਅਤੇ ਵਰਤੋਂ ਜਿਵੇਂ -ਉੱਤੇ (Top)-ਥੱਲੇ (Bottom), ਉੱਪਰ-ਹੇਠਾਂ, ਅੰਦਰ-ਬਾਹਰ, ਨੇੜੇ-ਦੂਰ, ਪਹਿਲਾਂ-ਬਾਅਦ ਦੀ ਸ਼ਬਦਾਵਲੀ ਵਿਕਸਿਤ ਕਰਨਾ ਅਤੇ ਉਸਦੀ ਵਰਤੋਂ ਕਰਨਾ।
19. ਆਲੇ-ਦੁਆਲੇ ਵਿਚੋਂ ਵੱਖ-ਵੱਖ ਅਕਾਰਾਂ ਅਤੇ ਆਕ੍ਰਿਤੀਆਂ ਵਾਲੀਆਂ ਵਸਤੂਆਂ ਇੱਕਠੀਆਂ ਕਰਨਾ। (ਜਿਵੇਂ- ਪੱਥਰ, ਡੱਬੇ, ਗੇਂਦ, ਸ਼ੰਕੂ, ਪਾਈਪ....)
20. ਆਕ੍ਰਿਤੀ ਅਤੇ ਹੋਰ ਨਿਰੀਖਣ ਯੋਗ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਵਸਤੂਆਂ ਨੂੰ ਛਾਂਟਣਾ, ਉਹਨਾਂ ਦਾ ਵਰਗੀਕਰਨ ਕਰਨਾ ਅਤੇ ਉਹਨਾਂ ਦਾ ਵਰਣਨ ਕਰਨਾ।
21. ਵੱਖ-ਵੱਖ ਠੋਸ /ਆਕ੍ਰਿਤੀਆਂ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਨੂੰ ਦੇਖਣਾ ਅਤੇ ਆਪਣੀ ਭਾਸ਼ਾ ਵਿੱਚ ਉਸਦਾ ਵਰਣਨ ਕਰਨਾ। (ਜਿਵੇਂ-ਗੇਂਦ ਰੁੜਦੀ ਹੈ, ਡੱਬਾ ਖਿਸਕਦਾ ਹੈ।)
22. ਖਾਸ ਵਿਸ਼ੇਸ਼ਤਾਵਾਂ (ਜਿਵੇਂ ਲੰਬਾਈ, ਖੇਤਰਫਲ, ਆਇਤਨ) ਦੇ ਆਧਾਰ 'ਤੇ ਆਕ੍ਰਿਤੀਆਂ ਦੀ ਤੁਲਨਾ ਕਰਨਾ।
C- 8.9 ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਵਿਚਲੀਆਂ ਵਸਤੂਆਂ ਦੀ ਲੰਬਾਈ , ਭਾਰ ਅਤੇ ਆਇਤਨ ਦਾ ਸਧਾਰਨ ਮਾਪ ਕਰਨ ਲਈ ਢੁਕਵੇਂ ਉਪਕਰਨਾਂ ਅਤੇ ਇਕਾਈਆਂ ਦੀ ਚੋਣ ਕਰਨਾ ਹੈ ।
ਲੰਬਾਈ
23. ਨੇੜੇ-ਦੂਰ, ਪਤਲਾ-ਮੋਟਾ, ਉਸ ਤੋਂ ਲੰਬਾ, ਉਸ ਤੋਂ ਛੋਟਾ, ਉੱਚਾ -ਨੀਵਾਂ ਵਿੱਚ ਅੰਤਰ ਦੱਸਣਾ।
24. ਛੋਟੀਆਂ ਲੰਬਾਈਆਂ ਨੂੰ ਅਣ-ਮਿਆਰੀ ਇਕਾਈਆਂ ਵਿੱਚ ਮਾਪਣਾ (ਜਿਵੇਂ -ਖੇਡਾਂ ਦੇ ਸੰਦਰਭ ਵਿੱਚ ਗੁੱਲੀ-ਡੰਡਾ, ਬੰਟਿਆਂ ਦੀ ਖੇਡ)
25. ਘੱਟ ਦੂਰੀ ਉਤੇ ਲੰਬਾਈ ਦਾ ਅਨੁਮਾਨ ਲਗਾਉਣਾ, ਅਸਮਾਨ ਅਤੇ ਅਣ-ਮਿਆਰੀ ਇਕਾਈਆਂ ਦੀ ਮਦਦ ਨਾਲ ਉਹਨਾਂ ਦੀ ਪੁਸ਼ਟੀ ਕਰਨਾ। (ਜਿਵੇਂ ਹੱਥਾਂ ਦੀਆਂ ਗਿੱਠਾਂ, ਬਾਂਹਾਂ, ਉਂਗਲਾਂ, ਕਦਮਾਂ ਨਾਲ ਮਾਪਣਾ।)
ਭਾਰ
26. ਭਾਰੀਆਂ ਅਤੇ ਹਲਕੀਆਂ ਵਸਤੂਆਂ ਦੀ ਤੁਲਨਾ ਕਰਨਾ ਅਤੇ ਉਹਨਾਂ ਨੂੰ ਭਾਰੇ ਤੋਂ ਹਲਕੇ ਅਤੇ ਹਲਕੇ ਤੋਂ ਭਾਰੇ ਦੇ ਕ੍ਰਮ ਵਿੱਚ ਲਗਾਉਣਾ।
ਆਇਤਨ (ਧਾਰਨ ਸਮਰੱਥਾ)
27. ਕੱਪ / ਚਮਚੇ / ਮੱਗ ਵਰਗੀਆਂ ਇੱਕੋ-ਜਿਹੀਆਂ ਅਣ-ਮਿਆਰੀ ਇਕਾਈਆਂ ਦੀ ਵਰਤੋਂ ਕਰਕੇ ਬਰਤਨਾਂ ਦੀ ਧਾਰਨ ਸਮਰੱਥਾ ਦਾ ਅੰਦਾਜ਼ਾ ਲਗਾਉਣਾ ਅਤੇ ਉਹਨਾਂ ਨੂੰ ਮਾਪਣਾ।
C- 8.10 ਮਿੰਟਾਂ , ਘੰਟਿਆਂ , ਦਿਨਾਂ , ਹਫ਼ਤਿਆਂ ਅਤੇ ਮਹੀਨਿਆਂ ਵਿੱਚ ਸਮੇਂ ਦਾ ਸਧਾਰਨ ਮਾਪਣ ਕਰਨਾ ।
28. ਪਹਿਲਾਂ ਅਤੇ ਬਾਅਦ ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਖਾਸ ਸਮੇਂ 'ਤੇ ਹੋਣ ਵਾਲੀਆਂ ਘਟਨਾਵਾਂ ਵਿੱਚ ਅੰਤਰ ਕਰਨਾ।
29. ਸਕੂਲ ਦੇ ਦਿਨਾਂ ਬਨਾਮ ਛੁੱਟੀਆਂ ਦੇ ਲੰਬੇ ਅਤੇ ਥੋੜੇ ਸਮੇਂ ਦੇ ਗੁਣਾਤਮਕ ਅਨੁਭਵ ਪ੍ਰਾਪਤ ਕਰਨਾ।
30. ਕਿਸੇ ਵੀ ਦਿਨ ਹੋਣ ਵਾਲੀਆਂ ਘਟਨਾਵਾਂ ਦੇ ਕ੍ਰਮ ਦੱਸਣਾ।
C- 8.11 100 ਰੁਪੇ ਤੱਕ ਦੀ ਕਰੰਸੀ ਦੀ ਵਰਤੋਂ ਕਰਦੇ ਹੋਏ ਸਧਾਰਨ ਲੈਣ-ਦੇਣ ਕਰਨਾ ।
31. ਨੋਟ ਅਤੇ ਸਿੱਕੇ ਜੋੜ ਕੇ 20 ਤੱਕ ਰੁਪਏ ਬਣਾਉਣਾ ।
C- 8.12 ਮਾਤਰਾਵਾਂ , ਆਕਾਰਾਂ , ਸਥਾਨ ਅਤੇ ਮਾਪ ਨਾਲ਼ ਸੰਬੰਧਿਤ ਸੰਕਲਪਾਂ ਅਤੇ ਪ੍ਰਕਿਰਿਆਵਾਂ ਨੂੰ ਸਮਝਣ ਅਤੇ ਪ੍ਰਗਟ ਕਰਨ ਲਈ ਲੋੜੀਂਦੀ ਅਤੇ ਢੁਕਵੀਂ ਸ਼ਬਦਾਵਲੀ ਵਿਕਸਿਤ ਕਰਨਾ ।
32. ਮਾਤਰਾਵਾਂ, ਆਕਾਰਾਂ, ਸਥਾਨ ਅਤੇ ਮਾਪ ਨਾਲ ਸੰਬੰਧਿਤ ਗਣਿਤਿਕ ਸਮੱਸਿਆਵਾਂ ਦਾ ਪੂਰਨ ਰੂਪ ਵਿੱਚ ਵਾਕਾਂ ਰਾਹੀਂ ਵਰਣਨ ਕਰਨਾ।

C- 8.12 ਮਾਤਰਾ, ਆਕ੍ਰਿਤੀਆਂ , ਸਥਾਨ ਅਤੇ ਮਾਪ ਨਾਲ਼ ਸੰਬੰਧਿਤ ਅਸਾਨ ਗਣਿਤਿਕ ਸਮੱਸਿਆਵਾਂ ਨੂੰ ਤਿਆਰ ਅਤੇ ਹੱਲ ਕਰਨਾ ।
33. ਰੋਜਾਨਾ ਜੀਵਨ ਦੀਆਂ ਸਥਿਤੀਆਂ ਨੂੰ ਸਧਾਰਨ ਗਣਿਤਿਕ ਸਮੱਸਿਆਵਾਂ ਦੇ ਰੂਪ ਵਿੱਚ ਪਛਾਣਨਾ।
34. ਵੱਖ-ਵੱਖ ਰਣਨੀਤੀਆਂ ਦੀ ਵਰਤੋਂ ਕਰਕੇ ਅਸਾਨ ਸੰਖਿਆਤਮਿਕ ਸਮੱਸਿਆਵਾਂ ਨੂੰ ਹੱਲ ਕਰਨਾ।

ਵਿਸ਼ਾ ਸੂਚੀ

ਲੜੀ ਨੰ.	ਅਧਿਆਇ ਦਾ ਨਾਂ
	ਪੂਰਵ-ਗਿਆਨ
1	ਅੰਕਾਂ ਦੀ ਸਮਝ
2	ਸੰਖਿਆਵਾਂ ਦੀ ਖੇਡ
3	20 ਤੋਂ 99 ਤੱਕ ਦੀਆਂ ਸੰਖਿਆਵਾਂ
4	ਧਨ
5	ਆਕ੍ਰਿਤੀਆਂ
6	ਪੈਟਰਨ
7	ਮਾਪ
8	ਸਮਾਂ
9	ਅੰਕੜੇ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਕੀਤੀ ਪਾਠ-ਪੁਸਤਕ - ਗਣਿਤ ਦੀ ਦੁਨੀਆ (ਪੰਜਾਬੀ ਮਾਧਿਅਮ)